Let's make this our healthiest generation ever

murdoch children's research institute

# GenV Parent/Guardian Information Statement
# GenV ਦਾ ਮਾਪੇ/ਗਾਰਡੀਅਨ ਜਾਣਕਾਰੀ ਬਿਆਨ

## 1. GenV ਕਿਉਂ?

GenV, ਜੋ Generation Victoria ਦਾ ਛੋਟਾ ਨਾਮ ਹੈ, ਇੱਕ ਰਾਜ-ਵਿਆਪੀ ਖੋਜ ਪ੍ਰਜੈਕਟ ਹੈ। ਇਹ ਇੱਕ ਪੂਰੀ ਪੀੜ੍ਹੀ ਦੀ ਸਿਹਤ ਅਤੇ ਭਲਾਈ ਦੀ ਪੂਰੀ ਤਸਵੀਰ ਵਿਖਾਵੇਗਾ।

ਪਿਛਲੇ ਦੋ ਸਾਲਾਂ ਦੇ ਸਮੇਂ ਦੌਰਾਨ ਪੈਦਾ ਹੋਏ ਸਾਰੇ ਵਿਕਟੋਰੀਆਈ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਅਸੀਂ ਸਾਰੇ ਬੱਚਿਆਂ ਅਤੇ ਮਾਪਿਆਂ ਨੂੰ ਸ਼ਾਮਿਲ ਕਰਨਾ ਚਾਹੁੰਦੇ ਹਾਂ, ਭਾਵੇਂ ਉਹ ਕੋਈ ਵੀ ਹਨ ਜਾਂ ਕਿੱਥੇ ਵੀ ਰਹਿੰਦੇ ਹਨ।. ਹਰੇਕ ਪਰਿਵਾਰ ਮਹਤਵਪੂਰਣ ਹੈ - ਤੁਹਾਡੇ ਪਰਿਵਾਰ ਸਮੇਤ।

GenV ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਨੂੰ ਦੂਜਿਆਂ ਸੇਵਾਵਾਂ ਦੁਆਰਾ ਪਹਿਲਾਂ ਤੋਂ ਇੱਕਠੀ ਕੀਤੇ ਡਾਟਾ ਨਾਲ ਮਿਲਾਉਂਦਾ ਹੈ।ਇਸਦਾ ਮਤਲਬ ਹੈ ਕਿ ਇਸਨੇ ਤੁਹਾਡਾ ਬਹੁਤ ਘੱਟ ਸਮਾਂ ਲੈਣਾ ਹੈ।ਭਵਿੱਖ ਦੀ ਖੋਜ ਫਿਰ ਸਿਹਤ ਅਤੇ ਭਲਾਈ ਦੇ ਗੁੰਝਲਦਾਰ ਸਵਾਲਾਂ ਦੇ ਜਵਾਬਾਂ ਦਾ ਪਤਾ ਅੱਜ ਸਾਡੇ ਦੁਆਰਾ ਇਸਦੇ ਜਵਾਬਾਂ ਦਾ ਪਤਾ ਲਗਾਉਣ ਨਾਲੋਂ ਛੇਤੀ ਲਗਾ ਸਕਦੀ ਹੈ।

ਅਸੀਂ ਉਮੀਦ ਕਰਦੇ ਹਾਂ ਕਿ GenV  ਅੱਜ ਬੱਚਿਆਂ ਅਤੇ ਮਾਪਿਆਂ ਦੁਆਰਾ ਸਾਮ੍ਹਣਾ ਕੀਤੀਆਂ ਜਾਣ ਵਾਲੀਆਂ ਸਮੱਸਿਆਵਾਂ ਦੀ ਰੋਕਥਾਮ ਕਰੇਗੀ, ਇਸਦਾ ਅੰਦਾਜਾ ਲਗਾਵੇਗੀ ਅਤੇ ਇਸਦਾ ਇਲਾਜ ਕਰੇਗੀ।ਅਸੀਂ ਹਰ ਕਿਸੇ ਲਈ ਅਸੀਂ ਹਰ ਕਿਸੇ ਵਿਅਕਤੀ ਲਈ ਸ਼ੂਗਰ ਰੋਗ, ਐਲਰਜੀ, ਮਾਨਸਿਕ ਬਿਮਾਰੀ ਵਰਗੀਆਂ ਸਮੱਸਿਆਵਾਂ ਦਾ ਹੋਣਾ ਘੱਟ ਦੇਖਣਾ ਚਾਹੁੰਦੇ ਹਾਂ।

GenV ਦਾ ਹਿੱਸਾ ਬਣਕੇ, ਤੁਸੀਂ ਸਾਰੇ ਪਰਿਵਾਰਾਂ ਲਈ ਇੱਕ ਬਿਹਤਰ ਭਵਿੱਖ ਦਾ ਨਿਰਮਾਣ ਕਰਨ ਵਿੱਚ ਮਦਦ ਦੇ ਸਕਦੇ ਹੋ - ਹੁਣ ਅਤੇ ਭਵਿੱਖ ਵਿੱਚ।

## 2. GenV ਵਿੱਚ ਭਾਗ ਲੈਣ ਦਾ ਸੱਦਾ

ਅਸੀਂ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ GenV ਵਿੱਚ ਭਾਗ ਲੈਣ ਲਈ ਸੱਦਾ ਦਿੰਦੇ ਹਾਂ। GenV ਵਿੱਚ ਭਾਗ ਲੈਣ ਲਈ, ਤੁਹਾਡੇ ਲਈ ਇਹ ਲਾਜ਼ਮੀ ਹੋਵੇਗਾ ਕਿ ਤੁਸੀਂ ਅਖੀਰ ਵਿੱਚ ਦਿੱਤੇ ਸਹਿਮਤੀ ਫਾਰਮ ਤੇ ਹਸਤਾਖਰ ਕਰੋ। ਤੁਹਾਨੂੰ ਇਸ ਦਸਤਾਵੇਜ਼ ਅਤੇ ਸਹਿਮਤੀ ਫਾਰਮ ਦੀ ਕਾਪੀ ਆਪਣੇ ਕੋਲ ਰੱਖਣ ਲਈ ਦਿੱਤੀ ਜਾਵੇਗੀ, ਅਤੇ ਇਹ  www.genv.org.au 'ਤੇ ਵੀ ਉਪਲਬਧ ਹੈ।

ਇਸਤੋਂ ਪਹਿਲਾਂ ਕਿ ਤੁਸੀਂ ਫੈਸਲਾ ਲਵੋ, ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ GenV ਕਿਉਂ ਹੋ ਰਿਹਾ ਹੈ ਅਤੇ ਇਸ ਵਿੱਚ ਕੀ ਸ਼ਾਮਲ ਹੈ।

ਤੁਸੀਂ ਇਸ ਦਸਤਾਵੇਜ਼ ਨੂੰ ਪੜ੍ਹ ਕੇ ਜਾਂ www.genv.org.au 'ਤੇ ਵੀਡਿਓ ਵੇਖ ਕੇ GenV ਬਾਰੇ ਹੋਰ ਜਾਣ ਸਕਦੇ ਹੋ। ਤੁਸੀਂ genv@mcri.edu.au  ਤੇ ਈਮੇਲ ਕਰਕੇ ਜਾਂ 1800 436 888 (1800 GEN VVV)ਤੇ ਮੁਫਤ ਫੋਨ ਕਰਕੇ ਸਾਡੇ ਨਾਲ ਸੰਪਰਕ ਵੀ ਕਰ ਸਕਦੇ ਹੋ। ਸਾਨੂੰ ਤੁਹਾਡੇ ਸਵਾਲਾਂ ਦਾ ਜਵਾਬ ਦੇਣ ਵਿੱਚ ਖੁਸ਼ੀ ਹੋਵੇਗੀ।

## 3. GenV ਕੀ ਹੈ?

GenV ਆਸਟ੍ਰੇਲੀਆ ਵਿੱਚ ਬਚਪਨ ਦੀ ਖੋਜ ਨਾਲ ਸਬੰਧਿਤ ਸਭ ਤੋਂ ਵੱਡਾ ਪ੍ਰਜੈਕਟ ਹੈ। ਇਹ ਉਹ ਤਸਵੀਰ ਵਿਖਾਉਂਦੀ ਪੇਂਟਿੰਗ ਹੈ ਕਿ ਬੱਚੇ ਕਿਵੇਂ ਵੱਧਦੇ-ਫੁੱਲਦੇ ਹਨ, ਲੋਕੀ ਕਿਵੇਂ ਬਜ਼ੁਰਗ ਹੁੰਦੇ ਹਨ, ਅਤੇ ਪੀੜ੍ਹੀ-ਦਰ-ਪੀੜ੍ਹੀ ਸਿਹਤ ਵਿੱਚ ਤਬਦੀਲੀਆਂ ਕਿਵੇਂ ਆਉਂਦੀਆਂ ਹਨ। ਇਹ ਖੋਜਕਰਤਾਵਾਂ, ਭਾਈਚਾਰਿਆਂ ਅਤੇ ਨੀਤੀ ਤਿਆਰ ਕਰਨ ਵਾਲਿਆਂ ਦੀ ਮਦਦ ਕਰਨ ਲਈ ਉਸਾਰੀ ਦੇ ਭਾਗਾਂ ਦਾ ਨਿਮਰਾਣ ਕਰਦੀ ਹੈ ਤਾਂ ਜੋ ਮਿਲਕੇ ਸਿਹਤ ਅਤੇ ਭਲਾਈ ਵਿੱਚ ਸੁਧਾਰ ਕੀਤਾ ਜਾਵੇ। ਅਸੀਂ ਉਮੀਦ ਕਰਦੇ ਹਾਂ ਕਿ ਇਸਨਾਲ ਬਿਹਤਰ ਅਤੇ ਸੁਰੱਖਿਅਤ ਦੇਖਰੇਖ ਹੋਵੇਗੀ, ਅਤੇ ਇਹ ਸਾਡੇ ਬੱਚਿਆਂ ਅਤੇ ਮਾਪਿਆਂ ਦੁਆਰਾ ਸਾਮ੍ਹਣਾ ਕੀਤੇ ਜਾਂਦੇ ਸਭ ਤੋਂ ਮਹਤਵਪੂਰਣ ਸਵਾਲਾਂ ਵਿੱਚੋਂ ਕੁੱਝ ਸਵਾਲਾਂ ਦਾ ਜਵਾਬ ਦਵੇਗਾ। GenV ਵਿਕਟੋਰੀਆ ਭਰ ਵਿਚਲੇ 150,000 ਤੋਂ ਵੱਧ ਬੱਚਿਆਂ ਅਤੇ ਮਾਪਿਆਂ ਲਈ ਖੁੱਲ੍ਹਾ ਹੈ।

ਜੇ ਤੁਸੀਂ ਸਹਿਮਤ ਹੋ, ਤਾਂ ਜਦੋਂ ਤੁਸੀਂ GenV ਲਈ ਸਾਇਨ ਅਪ ਕਰਦੇ ਹੋ, ਅਤੇ ਜਿਵੇਂ-ਜਿਵੇਂ ਤੁਹਾਡਾ ਬੱਚਾ/ਤੁਹਾਡੀ ਬੱਚੀ ਵੱਡੀ ਹੁੰਦੀ ਹੈ, ਅਸੀਂ ਕੁੱਝ ਜਾਣਕਾਰੀ ਅਤੇ ਸਵੈਬ ਇਕੱਠੇ ਕਰਾਂਗੇ। ਫਿਰ, ਤੁਹਾਡੀ ਇਜ਼ਾਜਤ ਨਾਲ, ਅਸੀਂ ਸੇਵਾਵਾਂ ਦੁਆਰਾ ਪਹਿਲਾਂ ਤੋਂ ਹੀ ਆਮ ਪ੍ਰੈਕਟਿਸ ਵਿੱਚ ਇੱਕਠੀ ਕੀਤੀ ਜਾਣਕਾਰੀ ਅਤੇ ਸੈਂਪਲ ਇਸ ਵਿੱਚ ਜੋੜਾਂਗੇ। ਅਸੀਂ ਇਸ ਜਾਣਕਾਰੀ ਨੂੰ ਸੁਰੱਖਿਅਤ ਡੇਟਾ ਪ੍ਰਣਾਲੀਆਂ ਵਿੱਚ ਰੱਖਦੇ ਹਾਂ ਜੋ ਭਵਿੱਖ ਦੀ ਖੋਜ ਵਿੱਚ ਵਰਤੀ ਜਾ ਸਕਦੀ ਹੈ। ਨਤੀਜੇ ਇਸ ਗੱਲ ਵਿੱਚ ਸੁਧਾਰ ਕਰ ਸਕਦੇ ਹਨ ਕਿ ਅਸੀਂ ਕਿਵੇਂ ਸਮੱਸਿਆਵਾਂ ਦਾ ਇਲਾਜ ਕਰਦੇ, ਅਨੁਮਾਨ ਲਗਾਉਂਦੇ ਅਤੇ ਰੋਕਦੇ ਹਾਂ। ਉਹ ਨੀਤੀ ਨਿਰਮਾਤਾਵਾਂ ਨੂੰ ਵਿਕਟੋਰੀਆਈ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਵਧੀਆ ਫ਼ੈਸਲੇ ਲੈਣ ਵਿੱਚ ਵੀ ਮੱਦਦ ਕਰ ਸਕਦੇ ਹਨ।

ਇਸਦਾ ਇਹ ਮਤਲਬ ਹੈ ਕਿ GenV ਤੁਹਾਡਾ ਘੱਟ ਸਮਾਂ ਲੈਂਦਾ ਹੈ, ਪਰ ਪਰਿਵਾਰਾਂ ਲਈ ਅਰਥਪੂਰਨ ਬਦਲਾਓ ਲਿਆਉਂਦਾ ਹੈ। ਅਸੀਂ ਕਈ ਸਾਲਾਂ ਤਕ ਸਿਹਤ ਅਤੇ ਭਲਾਈ ਬਾਰੇ ਅਧਿਐਨ ਕਰਨ ਦੀ ਉਮੀਦ ਕਰਦੇ ਹਾਂ।

ਬਹੁਤ ਵੱਡੇ ਪ੍ਰਜੈਕਟ ਜਿਵੇਂ ਕਿ GenV ਪਹਿਲਾਂ ਤੋਂ ਹੀ ਦੁਨੀਆ ਭਰ ਵਿੱਚ ਵੱਡੀ ਉਮਰ ਦੇ ਬਾਲਗਾਂ ਦੀ ਮਦਦ ਕਰ ਰਹੇ ਹਨ। ਅਸੀਂ ਉਮੀਦ ਕਰਦੇ ਹਾਂ ਕਿ GenV ਬੱਚਿਆਂ ਅਤੇ ਛੋਟੇ ਵਿਕਟੋਰੀਆਈ ਲੋਕਾਂ ਲਈ ਇਨ੍ਹਾਂ ਲਾਭਾਂ ਦਾ ਨਿਰਮਾਣ ਕਰੇਗਾ।

## 4. GenV ਦਾ ਆਯੋਜਨ ਕੌਣ ਕਰ ਰਿਹਾ ਹੈ?

GenV ਦੀ ਅਗਵਾਈ ਮੈਲਬੌਰਨ ਚਿਲਡਰਨਜ਼ ਕੈਂਪਸ (Melbourne Children's Campus) (ਮਰਡੌਕ ਚਿਲਡਰਨਜ਼ ਰਿਸਰਚ ਇੰਸਟੀਚਿਊਟ (Murdoch Children's Research Institute), ਦਾ ਰੌਇਲ ਚਿਲਡਰਨਜ਼ ਹਸਪਤਾਲ (The Royal Children's Hospital), ਅਤੇ ਮੈਲਬਰਨ ਯੂਨੀਵਰਸਿਟੀ (The University of Melbourne)) ਵੱਲੋਂ ਕੀਤੀ ਜਾਂਦੀ ਹੈ। ਮਾਲੀ ਸਹਾਇਤਾ ਦੇਣ ਵਾਲਿਆਂ ਵਿੱਚ 'ਪੌਲ ਰਾਮਸੇ ਫਾਊਂਡੇਸ਼ਨ' (Paul Ramsay Foundation), ਵਿਕਟੋਰੀਆ ਸਰਕਾਰ, ਦਾ ਰੌਇਲ ਚਿਲਡਰਨਜ਼ ਹਸਪਤਾਲ ਫਾਊਂਡੇਸ਼ਨ (Royal Children's Hospital Foundation), ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ (National Health and Medical Research Council) ਅਤੇ ਮੈਡੀਕਲ ਰਿਸਰਚ ਫਿਊਚਰ ਫ਼ੰਡ (Medical Research Future Fund) ਸ਼ਾਮਿਲ ਹਨ। ਇਸਦਾ ਸਮਰਥਨ ਇਨ੍ਹਾਂ ਦੁਆਰਾ ਵੀ ਕੀਤਾ ਜਾਂਦਾ ਹੈ:

- ਵਿਕਟੋਰੀਆ ਦੇ ਜਣੇਪਾ ਅਤੇ ਸਥਾਨਕ ਬੱਚਿਆਂ ਦੇ ਹਸਪਤਾਲਾਂ ਦੁਆਰਾ
- ਵਿਕਟੋਰੀਆਈ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਨ
- ਵਿਕਟੋਰੀਆ, ਆਸਟ੍ਰੇਲੀਆ ਅਤੇ ਦੁਨੀਆਂ ਭਰ ਵਿੱਚ ਪ੍ਰਮੁੱਖ ਮਾਹਿਰ
- ਸਥਾਨਕ ਪਰਿਵਾਰਾਂ, ਸੇਵਾਵਾਂ ਅਤੇ ਭਾਈਚਾਰਿਆਂ ਦੁਆਰਾ, ਜਿਨ੍ਹਾਂ ਨੇ GenV ਨੂੰ ਡਿਜ਼ਾਈਨ ਕਰਨ ਵਿੱਚ ਮੱਦਦ ਕੀਤੀ ਹੈ।

ਇਸਦੀ ਵਿਗਿਆਨਕ ਡਾਇਰੈਕਟਰ Professor Melissa Wake ਹਨ, ਜੋ ਬੱਚਿਆਂ ਦੀ ਡਾਕਟਰ ਹਨ। ਤੁਸੀਂ ਉਨ੍ਹਾਂ ਬਾਰੇ ਅਤੇ ਬਾਕੀ ਦੀ ਟੀਮ ਬਾਰੇ ਇੱਥੇ ਪੜ੍ਹ ਸਕਦੇ ਹੋ।

## 5. ਤੁਸੀਂ ਸਾਨੂੰ GenV ਨਾਲ ਜੁੜਣ ਲਈ ਕਿਉਂ ਕਹਿ ਰਹੇ ਹੋ?

ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ ਕਿਉਂਕਿ ਤੁਹਾਡਾ ਬੱਚਾ ਵਿਕਟੋਰੀਆ ਵਿੱਚ ਰਹਿੰਦਾ ਹੈ ਅਤੇ ਉਸਦਾ ਜਨਮ 4 ਅਕਤੂਬਰ 2021 ਅਤੇ 3 ਅਕਤੂਬਰ 2023 ਦੇ ਦਰਮਿਆਨ ਹੋਇਆ ਸੀ।

## 6. GenV ਵਿੱਚ ਕੀ ਸ਼ਾਮਲ ਹੈ?

GenV ਆਪਣੇ ਨਾਲ ਜੁੜਣ ਵਾਲੇ ਲੋਕਾਂ ਲਈ ਕੰਮ ਜਿੰਨਾ ਸੰਭਵ ਹੋ ਸਕੇ, ਸੌਖਾ ਬਣਾਉਣ ਦਾ ਉਦੇਸ਼ ਰੱਖਦੀ ਹੈ। ਜੇਕਰ ਤੁਸੀਂ ਆਪਣੇ ਬੱਚੇ ਨਾਲ ਇਸ ਵਿੱਚ ਭਾਗ ਲੈਣ ਲਈ ਤਿਆਰ ਹੋ, ਤਾਂ ਅਸੀਂ ਤੁਹਾਨੂੰ ਆਪਣੇ ਪਰਿਵਾਰ ਬਾਰੇ ਕੁੱਝ ਜਾਣਕਾਰੀ ਦੇਣ, ਸਹਿਮਤੀ ਫਾਰਮ 'ਤੇ ਦਸਤਖ਼ਤ ਕਰਨ, ਅਤੇ ਇੱਕ ਛੋਟਾ ਜਿਹਾ ਸਰਵੇਖਣ ਭਰਨ ਲਈ ਕਹਿੰਦੇ ਹਾਂ। ਇਸ ਵਿੱਚ 10-20 ਮਿੰਟ ਲੱਗ ਸਕਦੇ ਹਨ। ਅਸੀਂ ਤੁਹਾਨੂੰ ਘਰ ਵਿੱਚ ਹੀ ਥੁੱਕ ਦਾ ਫੰਬੇ ਰਾਹੀਂ ਨਮੂਨਾ ਲੈਣ ਲਈ ਸਵੈਬ ਦੇ ਸਕਦੇ ਹਾਂ (ਹੇਠਾਂ ਹੋਰ ਜਾਣਕਾਰੀ ਦੇਖੋ)। ਜੇਕਰ ਸੰਭਵ ਹੋਵੇ, ਅਸੀਂ ਤੁਹਾਡੇ ਬੱਚੇ ਦੇ ਦੂਸਰੇ ਮਾਤਾ-ਪਿਤਾ ਨੂੰ ਵੀ ਸੱਦਾ ਦਿੰਦੇ ਹਾਂ। ਇਸ ਤੋਂ ਬਾਅਦ, GenV ਤੁਹਾਡੇ ਨਾਲ ਮੁੱਖ ਤੌਰ 'ਤੇ ਈ-ਮੇਲ, ਮੈਸੇਜ਼ ਜਾਂ ਸਾਡੀ GenV and Me ਐਪ ਦੁਆਰਾ ਸੰਪਰਕ ਵਿੱਚ ਰਹੇਗਾ।

**ਭਾਗ ਲੈਣ ਨਾਲ, ਤੁਸੀਂ ਇਹ ਸਹਿਮਤੀ ਦਿੰਦੇ ਹੋ ਕਿ GenV:**

**(1) ਪਹਿਲਾਂ ਤੋਂ ਮੌਜੂਦ ਜਾਣਕਾਰੀ ਅਤੇ ਸੈਂਪਲ ਇਕੱਠਾ ਕਰ ਸਕਦੀ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:**

- ਉਹ ਜਾਣਕਾਰੀ ਜੋ ਸੇਵਾਵਾਂ ਨੇ ਪਹਿਲਾਂ ਹੀ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਇਕੱਠੀ ਕੀਤੀ ਹੋਈ ਹੈ, ਤੁਹਾਡੇ ਬੱਚੇ ਦੇ ਜਨਮ ਤੋਂ ਪਹਿਲਾਂ ਦੀ ਅਤੇ ਭਵਿੱਖ ਵਿਚਲੀ। ਇਸ ਵਿੱਚ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਰੀਰਕ ਅਤੇ ਮਾਨਸਿਕ ਸਿਹਤ, ਸਿੱਖਿਆ ਅਤੇ ਸਾਮਾਜਿਕ ਵੇਰਵੇ ਅਤੇ ਸੇਵਾਵਾਂ ਨਾਲ ਸਬੰਧਿਤ ਜਾਣਕਾਰੀ, ਨਾਲ ਹੀ ਜਨਮ ਅਤੇ ਮੌਤ ਨਾਲ ਸਬੰਧਿਤ ਜਾਣਕਾਰੀ ਸ਼ਾਮਲ ਹੈ। GenV ਸਰਕਾਰੀ ਵਿਭਾਗਾਂ, ਸਕੂਲਾਂ ਅਤੇ ਕਿੰਡਰਗਾਰਟਨ, ਅਤੇ ਹਸਪਤਾਲਾਂ, ਡਾਕਟਰਾਂ ਅਤੇ ਹੋਰ ਪ੍ਰਦਾਤਾਵਾਂ ਤੋਂ ਇਸ ਤੱਕ ਪਹੁੰਚ ਪ੍ਰਾਪਤ ਕਰ ਸਕਦੀ ਹੈ।
- ਤੁਹਾਡੇ ਆਂਢ-ਗੁਆਂਢ ਨਾਲ ਸਬੰਧਿਤ ਜਾਣਕਾਰੀ, ਜਿਵੇਂ ਕਿ ਤੁਹਾਡੇ ਘਰ ਦੇ ਕੋਲ ਹਵਾ ਦਾ ਪ੍ਰਦੂਸ਼ਣ ਅਤੇ ਚਾਇਲਡਕੇਅਰ ਸੇਵਾਵਾਂ।
- ਸਿਹਤ ਸੇਵਾਵਾਂ ਦੁਆਰਾ ਤੁਹਾਡੇ ਤੋਂ ਤੁਹਾਡੇ ਬੱਚੇ ਦਾ ਜਨਮ ਹੋਣ ਤੋਂ ਪਹਿਲਾਂ ਲਏ ਗਏ ਨਮੂਨੇ ਅਤੇ ਭਵਿੱਖ ਵਿੱਚ ਤੁਹਾਡੇ ਜਾਂ ਤੁਹਾਡੇ ਬੱਚੇ ਤੋਂ ਲਏ ਜਾਣ ਵਾਲੇ ਨਮੂਨੇ। ਖ਼ੂਨ ਜਾਂ ਪਿਸ਼ਾਬ ਦਾ ਟੈਸਟ ਜਾਂ ਸਵੈਬ ਲਿਆ ਜਾਂਦਾ ਹੈ, ਤਾਂ ਬਾਕੀ-ਬਚੇ ਸੈਂਪਲ ਨੂੰ ਕੁੱਝ ਦਿਨਾਂ, ਮਹੀਨਿਆਂ ਜਾਂ ਸਾਲਾਂ ਲਈ ਸਾਂਭ ਕੇ ਰੱਖਿਆ ਜਾਂਦਾ ਹੈ। ਅਸੀਂ ਇਨ੍ਹਾਂ ਨੂੰ GenV ਨੂੰ ਭੇਜ ਸਕਦੇ ਹਾਂ ਅਤੇ ਇਨ੍ਹਾਂ ਨੂੰ ਬਹੁਤ ਸਾਂਭ ਕੇ ਰੱਖ ਸਕਦੇ ਹਾਂ। ਸੈਂਪਲਾਂ ਦੀ ਵਰਤੋਂ ਕਈ ਪਰਿਵਾਰਾਂ ਨੂੰ ਲਾਭ ਦੇਣ ਲਈ ਖੋਜ ਕਰਨ ਵਾਸਤੇ ਕੀਤੀ ਜਾ ਸਕਦੀ ਹੈ।

ਤੁਸੀਂ www.genv.org.au/for-parents ਵ 'ਤੇ ਇਸ ਬਾਰੇ ਹੋਰ ਪੜ੍ਹ ਸਕਦੇ ਹੋ ਕਿ ਅਸੀਂ ਕੀ ਇੱਕਠਾ ਕਰਦੇ ਹਾਂ, ਕਿਸਤੋਂ ਇੱਕਠਾ ਕਰਦੇ ਹਾਂ, ਅਤੇ ਕਿਵੇਂ ਵਰਤੋਂ ਕਰਦੇ ਹਾਂ

**(2) ਸਮੇਂ-ਸਮੇਂ 'ਤੇ ਤੁਹਾਡੇ ਨਾਲ ਥੋੜਾ ਸੰਪਰਕ ਕਰਨਾ ਤਾਂ ਜੋ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਿਹਤ, ਵਿਕਾਸ ਅਤੇ ਭਲਾਈ 'ਤੇ ਨਜ਼ਰ ਰੱਖੀ ਜਾਵੇ।** ਉਦਾਹਰਨ ਲਈ, ਅਸੀਂ ਤੁਹਾਡੇ ਨਾਲ ਸਾਲ ਵਿੱਚ ਕਈ ਵਾਰ ਈ-ਮੇਲ, ਸੰਦੇਸ਼ ਜਾਂ ਐਪ ਰਾਹੀਂ ਸੰਪਰਕ ਕਰ

ਸਕਦੇ ਹਾਂ, ਜਾਂ ਤੁਹਾਡੇ ਬੱਚੇ ਦਾ ਮੁਲਾਂਕਣ ਆਹਮੋ-ਸਾਹਮਣੇ ਕਰਨ ਦੀ ਪੇਸ਼ਕਸ਼ ਕਰ ਸਕਦੇ ਹਾਂ। ਤੁਸੀਂ ਉਸ ਵੇਲ੍ਹੇ ਇਹ ਫੈਸਲੇ ਲੈ ਸਕਦੇ ਹੋ ਕਿ ਤੁਸੀਂ ਭਾਗ ਲੈਣਾ ਚਾਹੁੰਦੇ ਹੋ ਜਾਂ ਨਹੀਂ।

(3) **ਸੁਰੱਖਿਅਤ ਤਰੀਕੇ ਨਾਲ ਸੈਮਪਲਾਂ ਅਤੇ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰਨੀ, ਇਸਦੀ ਸਾਂਭ ਅਤੇ ਵਰਤੋਂ ਕਰਨੀ।** ਅਸੀਂ ਤੁਹਾਡੇ ਦੁਆਰਾ GenV ਨੂੰ ਦਿੱਤੀ ਜਾਣਕਾਰੀ ਨੂੰ ਉੱਤੇ ਦੱਸੀ ਸੇਵਾਵਾਂ ਵਰਗੀਆਂ ਸੇਵਾਵਾਂ ਤੋਂ ਮਿਲੀ ਜਾਣਕਾਰੀ ਨਾਲ ਜੋੜਦੇ ਹਾਂ ਇਹ ਸੈਮਪਲ ਅਤੇ ਜਾਣਕਾਰੀ ਦੀ ਵਰਤੋਂ ਭਵਿੱਖ ਵਿੱਚ ਨੈਤਿਕ ਰੂਪ ਨਾਲ ਮਨਜ਼ੂਰ ਖੋਜ ਵਿੱਚ ਕੀਤੀ ਜਾ ਸਕਦੀ ਹੈ ਜੋ GenV ਦੇ ਨਿਯਮਾਂ ਨੂੰ ਪੂਰਾ ਕਰਦੀ ਹੋਵੇ [ਡਾਟਾ ਦੀ ਸਾਂਭ ਬਾਰੇ ਸੈਕਸ਼ਨ 13 ਅਤੇ 14 ਵੇਖੋ]।

(4) **ਸੇਵਾਵਾਂ ਨੂੰ ਦੱਸੋ ਕਿ ਤੁਸੀਂ ਅਤੇ ਤੁਹਾਡਾ ਬੱਚਾ GenV ਵਿੱਚ ਸ਼ਾਮਲ ਹੋ।**

**ਤੁਸੀਂ ਚੋਣ ਕਰ ਸਕਦੇ ਹੋ ਕਿ ਕੀ ਤੁਸੀਂ ਸਹਿਮਤੀ ਦੇਣੀ ਹੈ ਜਾਂ ਨਹੀਂ:**

(5) **ਤੁਹਾਡੇ ਅਤੇ ਤੁਹਾਡੇ ਬੱਚੇ ਦੀ ਗੱਲ ਦੇ ਅੰਦਰੋਂ ਥੁੱਕ ਦਾ ਸਵੈਬ।** ਥੁੱਕ ਦੇ ਸਵੈਬ ਵੱਖ-ਵੱਖ ਤਰ੍ਹਾਂ ਦੇ ਜੈਵਿਕ ਖੋਜ ਵਿੱਚ ਸਹਾਇਤਾ ਕਰ ਸਕਦੇ ਹਨ, ਇਸ ਵਿੱਚ ਜੈਨੇਟਿਕ ਖੋਜ ਸ਼ਾਮਿਲ ਹੈ। ਥੁੱਕ ਦੇ ਸਵੈਬ ਬਾਰੇ ਵਧੇਰੀ ਜਾਣਕਾਰੀ ਇੱਥੇ ਪੜ੍ਹੋ।

(6) **ਜੈਨੇਟਿਕ ਖੋਜ ਲਈ ਸੈਮਪਲਾਂ (ਜਿਵੇਂ ਕਿ ਥੁੱਕ ਦਾ ਸਵੈਬ ਜਾਂ ਨਵਜਾਤ ਦਾ ਸਕ੍ਰੀਨਿੰਗ ਕਾਰਡ) ਦੀ ਵਰਤੋਂ,** ਤਾਂ ਜੋ ਇਸ ਬਾਰੇ ਹੋਰ ਜਾਣਿਆ ਜਾ ਸਕੇ ਕਿ ਸਿਹਤ ਅਤੇ ਵਿਕਾਸ ਤੇ ਅਸਰ ਪਾਉਣ ਲਈ ਜੀਨ ਕਿਵੇਂ ਇੱਕ-ਦੂਜੇ ਨਾਲ ਕ੍ਰਿਆ ਕਰਦੇ ਹਨ। ਇਸਨਾਲ ਖੋਜਕਰਤਾਵਾਂ ਨੂੰ ਨਵੇਂ ਸਵਾਲਾਂ ਦਾ ਜਵਾਬ ਦੇਣ ਵਿੱਚ ਮਦਦ ਮਿਲ ਸਕਦੀ ਹੈ, ਜਿਵੇਂ ਕਿ ਇਹ ਕਿ ਸਮੱਸਿਆਵਾਂ ਅਤੇ ਖਤਰਾ ਕਾਰਕ ਕਿਵੇਂ ਮਾਪਿਆਂ ਤੋਂ ਬੱਚਿਆਂ ਤਕ ਅੱਗੇ ਜਾਂਦੇ ਹਨ। ਭਵਿੱਖ ਵਿੱਚ, ਨਵੀਨ ਤਕਨਾਲੋਜੀ ਹੋਰ ਤਰ੍ਹਾਂ ਦੀਆਂ ਜਾਂਚਾਂ ਦੀ ਯੋਗਤਾ ਦੇ ਸਕਦੀ ਹੈ। ਜੀਨਾਂ ਬਾਰੇ ਹੋਰ ਇੱਥੇ ਪੜ੍ਹੋ।

### *ਮੇਰੀ ਮਨਜ਼ੂਰੀ ਨਾਲ GenV ਕਿਸ ਤਰ੍ਹਾਂ ਦੀ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰੇਗੀ?*

ਕੁੱਝ ਉਦਾਹਰਨਾਂ ਹਨ:

- ਸਰੀਰਕ ਅਤੇ ਮਾਨਸਿਕ ਸਿਹਤ: ਜਿਵੇਂ ਕਿ Medicare, ਹਸਪਤਾਲ ਦੇ ਰਿਕਾਰਡ, ਅਲਟ੍ਰਾਸਾਉਂਡ ਵਰਗੇ ਡਿਟੀਜਲ ਸਕੈਨ ਦੀਆਂ ਕਾਪੀਆਂ, ਤੁਹਾਡੀ ਗਰਭਾਵਸਥਾ ਬਾਰੇ ਇੱਕਠੀ ਕੀਤੀ ਜਾਣਕਾਰੀ
- ਸਿੱਖਿਆ: ਜਿਵੇਂ ਕਿ ਸਕੂਲ ਵਿੱਚ ਰਾਸ਼ਟਰੀ ਸਾਖਰਤਾ ਅਤੇ ਅੰਕ-ਗਿਆਨ ਮੁਲਾਂਕਣ, ਜੇ ਤੁਹਾਡਾ ਬੱਚਾ ਇਸ ਵਿੱਚ ਭਾਗ ਲੈਂਦਾ ਹੈ ਤਾਂ
- ਸਮਾਜਕ: ਜਿਵੇਂ ਕਿ ਡਿਸੇਬਿਲਟੀ, ਚਾਇਲਡ ਕੇਅਰ ਸਪੋਰਟ/ਵੈਲਫੇਅਰ, ਹਾਉਸਿੰਗ, ਜਸਟਿਸ
- ਤੁਹਾਡੇ ਆਂਢ-ਗੁਆਂਢ ਬਾਰੇ ਆਮ ਜਾਣਕਾਰੀ: ਜਿਵੇਂ ਕਿ ਚਾਇਲਡਕੇਅਰ ਦੀਆਂ ਥਾਵਾਂ ਅਤੇ ਹਵਾ ਦਾ ਪ੍ਰਦੂਸ਼ਣ।
- ਉਪਰੋਕਤ ਲਈ ਤੁਹਾਡੇ ਜਾਂ ਤੁਹਾਡੇ ਬੱਚੇ ਦੇ ਵਿਲੱਖਣ ਪਛਾਣਕਰਤਾ ਨੰਬਰ, ਜਿਵੇਂ ਕਿ ਮੈਡੀਕੇਅਰ, ਵਿਦਿਆਰਥੀ ਨੰਬਰ।

GenV ਦੇ ਡਾਟਾ ਸਰੋਤਾਂ ਬਾਰੇ ਇੱਥੇ ਹੋਰ ਪੜ੍ਹੋ ਅਤੇ ਅਸੀਂ ਜਿਨ੍ਹਾਂ ਸਰੋਤਾਂ ਤਕ ਹਰ ਸਾਲ ਪਹੁੰਚ ਪ੍ਰਾਪਤ ਕਰਦੇ ਹਾਂ, ਉਹ www.genv.org.au 'ਤੇ ਵੇਖੋ।

### *ਮੇਰੀ ਮਨਜ਼ੂਰੀ ਨਾਲ GenV ਕਿਸ ਤਰ੍ਹਾਂ ਦੇ ਰੂਟੀਨ ਸੈਮਪਲਾਂ ਤਕ ਪਹੁੰਚ ਪ੍ਰਾਪਤ ਕਰੇਗਾ?*

ਸੈਮਪਲਾਂ ਵਿੱਚ ਸ਼ਾਮਲ ਹਨ:

- ਗਰਭ-ਅਵਸਥਾ ਦੇ ਲਗਭਗ 10-12ਵੇਂ ਹਫ਼ਤੇ ਵਿੱਚ ਤੁਹਾਡੀ ਸਕ੍ਰੀਨਿੰਗ ਖ਼ੂਨ ਦੀ ਜਾਂਚ ਹੋਈ ਹੋ ਸਕਦੀ ਹੈ - ਤੁਹਾਡੇ ਬੱਚੇ ਦੀਆਂ ਕੁੱਝ ਵਿਸ਼ੇਸ਼ ਹਾਲਤਾਂ ਲਈ ਜਾਂਚ ਕਰਨ ਲਈ। 10 ਹਫਤੇ ਦੀ ਜਾਂਚ ਬਾਰੇ ਇੱਥੇ ਹੋਰ ਪੜ੍ਹੋ।
- ਤੁਹਾਡੇ ਬੱਚੇ ਦੇ 'ਨਵਜੰਮੇ ਬੱਚੇ ਦੇ ਸਕ੍ਰੀਨਿੰਗ ਕਾਰਡ' (ਹੀਲ ਪ੍ਰਿਕ- ਅੱਡੀ ਤੋਂ ਲਿਆ ਗਿਆ ਨਮੂਨਾ) ਤੋਂ ਖ਼ੂਨ ਦਾ ਨਮੂਨਾ - ਉਨ੍ਹਾਂ ਦੁਰਲੱਭ ਸਥਿਤੀਆਂ ਦੀ ਜਾਂਚ ਕਰਦਾ ਹੈ ਜਿਨ੍ਹਾਂ ਦਾ ਇਲਾਜ ਕੀਤਾ ਜਾ ਸਕਦਾ ਹੈ। ਜੇ ਤੁਹਾਡਾ ਜਨਮ ਆਸਟ੍ਰੇਲੀਆ ਵਿੱਚ ਹੋਇਆ ਹੈ, ਤਾਂ ਅਸੀਂ ਤੁਹਾਡੇ ਕਾਰਡ ਤਕ ਵੀ ਪਹੁੰਚ ਪ੍ਰਾਪਤ ਕਰਨੀ ਚਾਹਾਂਗੇ ਜੇਕਰ ਤੁਹਾਡੇ ਕੋਲ ਹੋਏ ਤਾਂ। ਨਵਜਾਤ ਸਕ੍ਰੀਨਿੰਗ ਕਾਰਡ ਬਾਰੇ ਇੱਥੇ ਹੋਰ ਪੜ੍ਹੋ।
- ਹੋਰ ਰੂਟੀਨ ਸੈਮਪਲ ਜਿਹੜੇ ਤੁਸੀਂ ਗਰਭਾਵਸਥਾ ਦੌਰਾਨ ਦਿੱਤੇ ਹੋ ਸਕਦੇ ਹਨ, ਅਤੇ ਸੈਮਪਲ ਜਿਹੜੇ ਤੁਸੀਂ ਜਾਂ ਤੁਹਾਡਾ ਬੱਚਾ ਸ਼ਾਇਦ ਭਵਿੱਖ ਵਿੱਚ ਦੇਣ।

GenV ਦੇ ਰੂਟੀਨ ਸੈਂਪਲਾਂ ਬਾਰੇ *ਇੱਥੇ* ਪੜ੍ਹੋ ਅਤੇ ਜਿਹੜੇ ਸੈਂਪਲਾਂ ਤਕ ਅਸੀਂ ਹਰ ਸਾਲ ਪਹੁੰਚ ਪ੍ਰਾਪਤ ਕਰਦੇ ਹਾਂ ਉਨ੍ਹਾਂ ਬਾਰੇ *www.genv.org.au* 'ਤੇ ਪੜ੍ਹੋ

### *ਜਦੋਂ GenV ਮੇਰੇ ਨਾਲ ਸੰਪਰਕ ਕਰਦਾ ਹੈ ਤਾਂ ਕੀ ਹੁੰਦਾ ਹੈ?*

ਹਰ ਸਾਲ ਕਰੀਬ ਚਾਰ ਵਾਰ, GenV ਤੁਹਾਨੂੰ ਸੱਦਾ ਦਵੇਗਾ ਅਤੇ ਇਹ ਦੱਸੇਗਾ ਕਿ ਤੁਸੀਂ ਅਤੇ ਤੁਹਾਡਾ ਬੱਚਾ ਕਿਵੇਂ ਚੱਲ ਰਹੇ ਹੋ।

ਸੰਪਰਕ 3 ਤੋਂ 20 ਮਿੰਟਾਂ ਦੇ ਵਿੱਚਕਾਰ ਹੋ ਸਕਦੇ ਹਨ। ਤੁਸੀਂ ਹਰ ਵਾਰ ਇਹ ਫੈਸਲਾ ਲਵੋਗੇ ਕਿ ਤੁਸੀਂ ਇਹ ਪੂਰੇ ਕਰਨੇ ਹਨ ਜਾਂ ਨਹੀਂ ਸੰਪਰਕਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਛੋਟੇ ਸਰਵੇਖਣ ਅਤੇ ਅਪਡੇਟਸ ਜੋ ਤੁਸੀਂ ਭਰੋਗੇ
- ਸਿਹਤ ਅਤੇ ਵਿਕਾਸ ਮਾਪ। ਇਨ੍ਹਾਂ ਵਿੱਚ ਯਾਦਦਾਸ਼ਤ ਸਬੰਧੀ ਗੇਮਾਂ, ਵੱਡੇ ਬੱਚਿਆਂ ਵਿੱਚ ਸਪੀਚ ਅਤੇ ਦਿਲ ਦੀ ਗਤੀ ਵਰਗੀਆਂ ਚੀਜ਼ਾਂ ਸ਼ਾਮਲ ਹਨ। ਜਿਵੇਂ ਕਿ, ਤੁਸੀਂ ਆਪਣੇ ਬੱਚੇ ਦਾ ਛੋਟਾ ਵੀਡਿਓ ਲੈ ਸਕਦੇ ਹੋ, ਜਾਂ ਹੋ ਸਕਦਾ ਹੈ ਕਿ ਤੁਸੀਂ ਜਾਂ ਤੁਹਾਡਾ ਬੱਚਾ

ਤੁਹਾਡੇ ਫੋਨ ਵਰਗੇ ਉਪਕਰਨ 'ਤੇ ਕੋਈ ਗੇਮ ਖੇਡੋ। ਇਹ ਸੰਪਰਕ ਜਿੰਨੇ ਹੋ ਸਕਣ, ਛੋਟੇ ਅਤੇ ਮਨੋਰੰਜਕ ਹੁੰਦੇ ਹਨ। GenV ਮਾਪਾਂ ਬਾਰੇ ਇੱਥੇ ਹੋਰ ਪੜ੍ਹੋ।
- GenV ਤੋਂ ਖ਼ਬਰਾਂ ਅਤੇ ਅਪਡੇਟਸ।ਇਸ ਵਿੱਚ GenV ਨਾਲ ਕੰਮ ਕਰਨ ਬਾਰੇ ਅਧਿਐਨਾਂ ਲਈ ਸੱਦਾ ਦਿੱਤਾ ਜਾਣਾ ਸ਼ਾਮਿਲ ਹੋ ਸਕਦਾ ਹੈ। GenV ਨਾਲ ਕੰਮ ਕਰਨ ਬਾਰੇ ਅਧਿਐਨਾਂ ਬਾਰੇ ਵਧੇਰੇ ਇੱਥੇ ਪੜ੍ਹੋ।

*ਜਦੋਂ ਬੱਚੇ ਵੱਡੇ ਹੋ ਜਾਂਦੇ ਹਨ ਤਾਂ GenV ਮੁਲਾਂਕਣਾਂ ਦਾ ਕੀ ਹੁੰਦਾ ਹੈ?*

ਸਿਹਤ ਅਤੇ ਵਿਕਾਸ ਦੇ ਕੁੱਝ ਮਾਪ ਸਿਰਫ ਆਮ੍ਹਣੇ-ਸਾਮ੍ਹਣੇ ਹੀ ਕੀਤੇ ਜਾ ਸਕਦੇ ਹਨ। ਅਸੀਂ ਉਮੀਦ ਕਰਦੇ ਹਾਂ ਕਿ ਅਸੀਂ ਸਾਡੇ GenV ਬੱਚਿਆਂ ਦੇ ਵੱਡੇ ਹੋਣ 'ਤੇ ਉਨ੍ਹਾਂ ਨੂੰ ਮਿਲਾਂਗੇ, ਜਿਵੇਂ ਕਿ ਜਦੋਂ ਉਹ ਸਕੂਲ ਜਾਣਾ ਸ਼ੁਰੂ ਕਰਣਗੇ। ਅਸੀਂ ਅੱਜੇ ਇਨ੍ਹਾਂ ਮੁਲਾਕਾਤਾਂ ਦੀ ਉਸਾਰੀ ਨਹੀਂ ਕੀਤੀ ਹੈ। ਤੁਸੀਂ ਉਸ ਵੇਲ੍ਹੇ ਇਹ ਫੈਸਲੇ ਲੈ ਸਕਦੇ ਹੋ ਕਿ ਤੁਸੀਂ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ। ਅਸੀਂ ਤੁਹਾਨੂੰ ਪੂਰੀ ਤਰ੍ਹਾਂ ਸੂਚਿਤ ਰੱਖਾਂਗੇ, ਜਿੰਨੀ ਦੇਰ ਤਕ ਅਸੀਂ ਤੁਹਾਡੇ ਨਾਲ ਸੰਪਰਕ ਕਰ ਸਕੀਏ। GenV *ਦੀਆਂ ਮੁਲਾਕਾਤਾਂ ਬਾਰੇ ਵਧੇਰੀ ਜਾਣਕਾਰੀ ਇੱਥੇ ਪੜ੍ਹੋ*

GenV ਸੇਵਾਵਾਂ ਨੂੰ ਇਹ ਕਿਉਂ ਦੱਸਦੀ ਹੈ ਕਿ ਮੇਰਾ ਬੱਚਾ ਅਤੇ ਮੈਂ GenV ਵਿੱਚ ਸ਼ਾਮਲ ਹਨ?

ਹੋਰ ਸੇਵਾਵਾਂ ਤੁਹਾਡਾ ਦੁਆਰਾ ਉਨ੍ਹਾਂ ਨੂੰ ਮਿਲਣ ਜਾਣ ਸਮੇਂ ਛੋਟੇ ਸਰਵੇਖਣਾਂ ਤੇ ਮੁਲਾਂਕਣਾਂ ਨਾਲ GenV ਦੀ ਮਦਦ ਕਰ ਸਕਦੀਆਂ ਹਨ। ਜਿਵੇਂ ਕਿ, ਤੁਹਾਡੇ ਬੱਚੇ ਦੀ ਨਰਸ ਤੁਹਾਡੇ ਬੱਚੇ ਦੀ ਨਜ਼ਰ ਦੀ ਇੱਕ ਹੋਰ ਜਾਂਚ ਕਰਨ ਦੀ ਪੇਸ਼ਕਸ਼ ਕਰ ਸਕਦੀ ਹੈ, ਤੁਹਾਨੂੰ ਫੀਡਬੈਕ ਦੇ ਸਕਦੀ ਹੈ, ਅਤੇ ਨਤੀਜੇ ਨੂੰ ਰਿਕਾਰਡ ਕਰ ਸਕਦੀ ਹੈ। ਕਦੇ-ਕਦਾਈ ਹੋ ਸਕਦਾ ਹੈ ਕਿ ਤੁਸੀਂ ਘਰ ਬਦਲ ਲਵੋ ਜਾਂ ਤੁਹਾਡੇ ਸੰਪਰਕ ਵੇਰਵੇ ਬਦਲ ਸਕਦੇ ਹਨ। ਸੇਵਾਵਾਂ GenV ਨੂੰ ਤੁਹਾਡੇ ਨਵੇਂ ਸੰਪਰਕ ਵੇਰਵੇ ਦੇ ਸਕਦੀਆਂ ਹਨ, ਬਸ਼ਰਤੇ ਕਿ ਸਾਨੂੰ ਇਹ ਪਤਾ ਹੋਵੇ ਕਿ ਤੁਸੀਂ ਨਾਮ ਵਾਪਸ ਲੈਣਾ ਚਾਹੁੰਦੇ ਹੋ। ਸੇਵਾਵਾਂ ਵਿੱਚ ਸ਼ਾਮਿਲ ਹੋ ਸਕਦੀਆਂ ਹਨ: ਸਿਹਤ ਅਤੇ ਸਿੱਖਿਆ ਪ੍ਰਦਾਤਾ ਜਿਵੇਂ ਕਿ ਤੁਹਾਡੀ ਮਟਰਨਲ ਅਤੇ ਚਾਇਡਲ ਹੈਲਥ ਨਰਸ, ਤੁਹਾਡਾ ਡਾਕਟਰ, ਹਸਪਤਾਲ, Medicare, Centrelink, ਕਿੰਡਰਗਾਰਟਨ, ਜਾਂ ਸਕੂਲ।

ਅਸੀਂ ਉਨ੍ਹਾਂ ਨਾਲ ਤੁਹਾਡੇ ਖੋਜ ਡਾਟਾ ਨੂੰ ਸਾਂਝਾ ਨਹੀਂ ਕਰਦੇ ਹਾਂ। GenV *ਨਾਲ ਕੰਮ ਕਰਨ ਵਾਲੀਆਂ ਸੇਵਾਵਾਂ ਬਾਰੇ ਵਧੇਰੀ ਜਾਣਕਾਰੀ ਇੱਥੇ ਪੜ੍ਹੋ।*

## 7. GenV ਨਾਲ ਜੁੜ੍ਹਣ ਦੇ ਕੀ ਲਾਭ ਹਨ?

ਹੋ ਸਕਦਾ ਹੈ ਕਿ GenV ਤੋਂ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਸਿੱਧਾ ਲਾਭ ਮਿਲੇ ਜਾਂ ਨਾ ਮਿਲੇ।

ਜਦੋਂ ਤੁਸੀਂ ਅਤੇ ਤੁਹਾਡਾ ਬੱਚਾ ਸਰਵੇਖਣ ਜਾਂ ਮੁਲਾਂਕਣ ਪੂਰੇ ਕਰਦਾ ਹੈ ਤਾਂ ਅਸੀਂ ਉਸ ਵੇਲ੍ਹੇ ਫੀਡਬੈਕ ਦੇ ਸਕਦੇ ਹਾਂ। ਤੁਹਾਨੂੰ ਇਹ ਮਦਦਗਾਰ ਲਗ ਸਕਦੀ ਹੈ (ਸੈਕਸ਼ਨ 11 ਵੇਖੋ)।

ਸਮੇਂ ਦੇ ਨਾਲ-ਨਾਲ, GenV ਕਈ ਅਜਿਹੇ ਮੁੱਦਿਆਂ ਦੀ ਸੂਚਨਾ ਦਵੇਗਾ ਜੋ ਆਮ-ਤੌਰ 'ਤੇ ਬੱਚਿਆਂ ਅਤੇ ਮਾਪਿਆਂ ਲਈ ਢੁੱਕਵੇਂ ਹੁੰਦੇ ਹਨ। ਸਾਨੂੰ ਉਮੀਦ ਹੈ ਕਿ GenV ਕਈ ਬੱਚਿਆਂ ਅਤੇ ਮਾਪਿਆਂ ਦੀ ਜਿੰਦਗੀਆਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ। ਅਸੀਂ ਕੁੱਲ ਨਤੀਜਿਆਂ ਨੂੰ ਤੁਹਾਡੇ ਨਾਲ ਸਾਂਝਾ ਕਰਾਂਗੇ, ਅਤੇ ਉਮੀਦ ਕਰਦੇ ਹਾਂ ਕਿ ਇਹ ਤੁਹਾਡੇ ਲਈ ਉਪਯੋਗੀ ਹੋਣਗੇ।

## 8. ਅਸੀਂ GenV ਨਾਲ ਕਿਵੇਂ ਜੁੜ੍ਹ ਸਕਦੇ ਹਾਂ?

ਤੁਸੀਂ ਸਹਿਮਤੀ ਫਾਰਮ 'ਤੇ ਦਸਤਖ਼ਤ ਕਰਦੇ ਹੋ, ਅਤੇ ਅਸੀਂ ਤੁਹਾਨੂੰ ਰੱਖਣ ਲਈ ਇੱਕ ਕਾਪੀ ਭੇਜਦੇ ਹਾਂ। ਤੁਸੀਂ ਪੂਰੇ GenV ਜਾਂ ਇਸਦੇ ਕੁੱਝ ਹਿੱਸੇ ਵਿੱਚ ਭਾਗ ਲੈ ਸਕਦੇ ਹੋ। ਜਿੱਥੇ ਸੰਭਵ ਹੋਵੇ, ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਮਾਪੇ ਇਸ ਵਿੱਚ ਹਿੱਸਾ ਲੈਣਗੇ। ਤੁਸੀਂ ਆਪਣੇ ਲਈ ਸਹਿਮਤੀ ਆਪ ਦਿੰਦੇ ਹੋ। ਮਾਤਾ ਅਤੇ ਪਿਤਾ ਵਿਚੋਂ ਕੋਈ ਇੱਕ ਜਾਂ ਫਿਰ ਗਾਰਡੀਅਨ ਤੁਹਾਡੇ ਬੱਚੇ ਲਈ ਸਹਿਮਤੀ ਦਿੰਦਾ ਹੈ।

## 9. ਕੀ ਸਾਡੇ ਲਈ ਭਾਗ ਲੈਣਾ ਲਾਜ਼ਮੀ ਹੈ?

ਨਹੀਂ, ਭਾਗ ਲੈਣਾ ਜਾਂ ਨਾ ਲੈਣਾ ਤੁਹਾਡੀ ਮਰਜ਼ੀ ਹੈ। ਭਾਵੇਂ ਤੁਹਾਡਾ ਫੈਸਲਾ ਕੁੱਝ ਵੀ ਹੋਵੇ, ਇਸਨਾਲ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਮਿਲਣ ਵਾਲੀ ਦੇਖਭਾਲ ਉੱਤੇ ਅਸਰ ਨਹੀਂ ਪਵੇਗਾ। ਪਰ, ਜਿੰਨੇ ਵੱਧ ਲੋਕੀ ਇਸ ਵਿੱਚ ਭਾਗ ਲੈਣਗੇ, GenV ਉੰਨਾ ਹੀ ਵੱਧ ਉਪਯੋਗੀ ਬਣੇਗਾ।

## 10. ਕੀ ਮੈਂ ਬਾਅਦ ਵਿੱਚ ਆਪਣਾ ਮਨ ਬਦਲ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ/ਸਕਦੀ ਹੋ। ਬਸ ਸਾਨੂੰ ਫੋਨ ਜਾਂ ਈਮੇਲ ਕਰੋ ਜਾਂ GenV ਵੈੱਬਸਾਈਟ ਉੱਤੇ ਜਾਓ। ਤੁਹਾਡੇ ਲਈ ਇਹ ਜ਼ਰੂਰੀ ਨਹੀਂ ਹੈ ਕਿ ਤੁਸੀਂ ਆਪਣੇ ਫੈਸਲੇ ਦਾ ਕਾਰਨ ਸਾਨੂੰ ਦੱਸੋ।

- ਜੇ ਤੁਸੀਂ ਹੁਣ ਸਹਿਮਤੀ ਦਿੰਦੇ ਹੋ, ਤਾਂ ਤੁਸੀਂ ਬਾਅਦ ਵਿੱਚ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ। ਸਹਿਮਤੀ ਵਾਪਸ ਲੈਣ ਬਾਰੇ ਵਧੇਰੀ ਜਾਣਕਾਰੀ ਇੱਥੇ ਪੜ੍ਹੋ।
- ਜੇ ਤੁਸੀਂ ਹੁਣ ਸਹਿਮਤੀ ਨਹੀਂ ਦਿੰਦੇ ਹੋ, ਤਾਂ ਤੁਸੀਂ GenV ਨਾਲ ਬਾਅਦ ਵਿੱਚ ਅੱਗੇ ਚੱਲਕੇ ਜੁੜ੍ਹ ਸਕਦੇ ਹੋ। ਪਰ, ਕੋਲ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਪਿੱਛਲੀ ਜਾਣਕਾਰੀ ਛੁੱਟ ਜਾਵੇਗੀ। GenV ਨਾਲ ਬਾਅਦ ਵਿੱਚ ਅੱਗੇ ਚੱਲਕੇ ਜੁੜ੍ਹਣ ਬਾਰੇ ਵਧੇਰੀ ਜਾਣਕਾਰੀ ਇੱਥੇ ਪੜ੍ਹੋ।
- ਜਦੋਂ ਤੁਹਾਡਾ ਬੱਚਾ ਵੱਡਾ ਹੋ ਜਾਂਦਾ ਹੈ (ਕਰੀਬ 14 ਤੋਂ 18 ਸਾਲ ਦੀ ਉਮਰ), ਤਾਂ ਉਸ ਕੋਲ ਬਾਲਗ ਦੇ ਤੌਰ 'ਤੇ ਭਾਗ ਲੈਣਾ ਜਾਰੀ ਰੱਖਣ ਦਾ ਮੌਕਾ ਹੋਵੇਗਾ। GenV ਨਾਲ ਭਾਗੀਦਾਰੀ ਜਾਰੀ ਰੱਖਣ ਬਾਰੇ ਵਧੇਰੀ ਜਾਣਕਾਰੀ ਇੱਥੇ ਪੜ੍ਹੋ।

## 11. ਕੀ GenV ਸਾਡੇ ਸਿਹਤ ਬਾਰੇ ਫੀਡਬੈਕ ਦਵੇਗੀ?

ਜਦੋਂ ਤੁਸੀਂ ਜਾਂ ਤੁਹਾਡਾ ਬੱਚਾ ਮੁਲਾਂਕਣ ਪੂਰਾ ਕਰਦਾ ਹੈ, ਤਾਂ GenV ਤੁਹਾਨੂੰ ਨਤੀਜਿਆਂ ਦੀ ਉਸ ਵੇਲ਼ੇ ਫੀਡਬੈਕ ਦੇ ਸਕਦਾ ਹੈ ਜੋ ਤੁਹਾਡੇ ਲਈ ਸਹਾਇਕ ਹੋ ਸਕਦੀ ਹੈ। ਹੋ ਸਕਦਾ ਹੈ ਕਿ ਇਹ ਛੋਟੀਆਂ ਰਿਪੋਰਟਾਂ ਇਹ ਦਰਸਾਉਣ ਕਿ ਸਭ ਕੁੱਝ ਠੀਕ ਚੱਲ ਰਿਹਾ ਹੈ ਜਾਂ ਇਹ ਕਿ ਜੇ ਕੋਈ ਚਿੰਤਾਂਵਾਂ ਹਨ ਤਾਂ ਤੁਹਾਨੂੰ ਕਿਸਨੂੰ ਵਿਖਾਉਣ ਦੀ ਲੋੜ ਹੈ। ਤੁਸੀਂ ਇਹ ਰਿਪੋਰਟਾਂ ਦੂਜਿਆਂ ਨਾਲ ਸਾਂਝੀਆਂ ਕਰ ਸਕਦੇ ਹੋ, ਜਿਵੇਂ ਕਿ ਆਪਣੇ ਡਾਕਟਰ ਨਾਲ।

ਉਸ ਵੇਲ਼ੇ ਫੀਡਬੈਕ ਦੇਣ ਤੋਂ ਇਲਾਵਾ, ਅਸੀਂ ਤੁਹਾਡੇ ਜਾਂ ਤੁਹਾਡੇ ਬੱਚੇ ਬਾਰੇ ਸਾਂਭੇ ਡਾਟਾ ਜਾਂ ਸੈਮਪਲਾਂ ਤੋਂ ਬਾਅਦ ਵਿੱਚ ਤਿਆਰ ਕੀਤੇ ਨਵੇਂ ਡਾਟਾ ਦੀ ਨਿੱਜੀ ਤੌਰ 'ਤੇ ਜਾਂਚ ਨਹੀਂ ਕਰਦੇ ਹਾਂ। ਇਸਦਾ ਇਹ ਮਤਲਬ ਹੈ ਕਿ GenV ਬਾਅਦ ਵਿੱਚ ਮਿਲਣ ਵਾਲੇ ਇਹ ਨਤੀਜੇ ਤੁਹਾਨੂੰ ਪ੍ਰਦਾਨ ਨਹੀਂ ਕਰਦਾ ਹੈ।

ਅਜਿਹਾ ਇਸਲਈ ਕਿਉਂਕਿ:

- ਖੋਜ ਟੈਸਟਾਂ (ਜਾਂਚਾਂ) ਨੂੰ ਆਮ-ਤੌਰ 'ਤੇ ਇਲਾਜ ਲਈ ਤਿਆਰ ਨਹੀਂ ਕੀਤਾ ਜਾਂਦਾ ਹੈ - ਡਾਕਟਰ ਮਰੀਜ਼ਾਂ ਦਾ ਇਲਾਜ ਕਰਨ ਲਈ ਵੱਖਰੇ ਟੈਸਟਾਂ ਦੀ ਵਰਤੋਂ ਕਰਦੇ ਹਨ।
- ਖੋਜ ਵੱਖ-ਵੱਖ ਵਿਅਕਤੀਆਂ ਦੇ ਨਤੀਜਿਆਂ ਦੀ ਨਹੀਂ ਬਲਕਿ ਸਮੂਹ ਵਿੱਚ ਨਤੀਜਿਆਂ ਦੀ ਵਰਤੋਂ ਕਰਦੀ ਹੈ
- ਹੋ ਸਕਦਾ ਹੈ ਕਿ ਕਈ ਸਾਲ ਬਾਅਦ ਕੀਤੇ ਟੈਸਟ ਉਸ ਵੇਲ਼ੇ ਮਹਤਵਪੂਰਣ ਜਾਂ ਸਹੀ ਨਾ ਹੋਣ।

ਹੋ ਸਕਦਾ ਹੈ ਕਿ GenV ਤੁਹਾਨੂੰ ਆਪਣੇ ਨਾਲ ਨੈਤਿਕ ਤੌਰ 'ਤੇ ਮਨਜ਼ੂਰੀ ਪ੍ਰਾਪਤ ਕੰਮ ਕਰਨ ਵਾਲੇ ਅਧਿਐਨਾਂ ਵਿੱਚ ਭਵਿੱਖ ਵਿੱਚ ਭਾਗ ਲੈਣ ਦੇ ਮੌਕੇ ਦੀ ਪੇਸ਼ਕਸ਼ ਕਰੇ। ਇਹ ਸੰਭਵ ਹੈ ਕਿ ਉਹ ਵਾਧੂ ਫੀਡਬੈਕ ਦੇਣ। ਤੁਸੀਂ ਹਮੇਸ਼ਾ ਇਹ ਫੈਸਲਾ ਲੈ ਸਕਦੇ ਹੋ ਕਿ ਭਾਗ ਲੈਣਾ ਹੈ ਜਾਂ ਨਹੀਂ।

ਅਸੀਂ GenV ਦੇ ਖੋਜਕਰਤਾਵਾਂ ਨੂੰ ਵਧਾਵਾ ਦਿੰਦੇ ਹਾਂ ਕਿ ਉਹ ਵਿਆਪਕ ਤੌਰ 'ਤੇ ਖੋਜ ਦੇ ਨਤੀਜਿਆਂ ਦੀ ਸੂਚਨਾ ਦੇਣ - ਇਸ ਤਰੀਕੇ ਨਾਲ ਹੀ ਨਵਾਂ ਗਿਆਨ ਅਮਲ ਵਿੱਚ ਲਿਆਇਆ ਜਾਂਦਾ ਹੈ। GenV ਆਪਣੀ ਵੈੱਬਸਾਈਟ ਉੱਤੇ ਸਾਰ ਪ੍ਰਕਾਸ਼ਿਤ ਕਰੇਗਾ। ਅਸੀਂ ਉਮੀਦ ਕਰਦੇ ਹਾਂ ਕਿ ਅਜਿਹਾ ਕਰਨਾ ਮਾਪਿਆਂ ਲਈ ਮਦਦਗਾਰ ਹੈ। ਸਿਰਫ ਸਮੂਹ ਵਿੱਚ ਹੀ ਨਤੀਜਿਆਂ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ - ਵੱਖ-ਵੱਖ ਵਿਅਕਤੀਆਂ ਦੇ ਨਤੀਜਿਆਂ ਨੂੰ ਨਹੀਂ।

## 12. GenV ਨਾਲ ਜੁੜ੍ਹਣ ਦੇ ਕੀ ਖਤਰੇ ਹਨ?

GenV ਨਾਲ ਜੁੜ੍ਹਣ ਕਰਕੇ ਕੋਈ ਨੁਕਸਾਨ ਨਹੀਂ ਹੋਣਾ ਚਾਹੀਦਾ ਜਾਂ ਤੁਹਾਡੇ ਬੱਚੇ ਨੂੰ ਮਿਲਣ ਵਾਲੀ ਸੰਭਾਲ ਉੱਤੇ ਕੋਈ ਅਸਰ ਨਹੀਂ ਪੈਣਾ ਚਾਹੀਦਾ ਹੈ। ਤੁਹਾਡੀ ਗੋਪਨੀਯਤਾ ਦੀ ਸੁਰੱਖਿਆ ਕਰਨ ਲਈ GenV ਦੇ ਸਖਤ ਅਤੇ ਸੁਰੱਖਿਅਤ ਸਿਸਟਮ ਹਨ। ਅਸੀਂ ਹੇਠਾਂ ਇਸਦਾ ਵੇਰਵਾ ਦਿੰਦੇ ਹਾਂ। ਇਸਦਾ ਇਹ ਮਤਲਬ ਹੈ ਕਿ ਡੇਟਾ ਗੋਪਨੀਯਤਾ ਦੀ ਉਲੰਘਣਾ ਹੋਣ ਦਾ ਖਤਰਾ ਬਹੁਤ ਘੱਟ ਹੈ।

ਅਸੀਂ ਸਮਝਦੇ ਹਾਂ ਕਿ GenV ਨਾਲ ਜੁੜ੍ਹਣ ਵਿੱਚ ਤੁਹਾਡੇ ਲਈ ਇਸ ਉੱਤੇ ਭਰੋਸਾ ਰੱਖਣਾ ਬਹੁਤ ਜ਼ਰੂਰੀ ਹੈ। ਤੁਹਾਡੇ ਵਰਗੇ ਮਾਪਿਆਂ ਦੇ ਭਰੋਸੇ ਕਰਕੇ ਕਈ ਖੋਜਾਂ ਹੋਈਆਂ ਹਨ ਜਿੰਨ੍ਹਾਂ ਨਾਲ ਲਾਗ ਅਤੇ ਕੈਂਸਰ ਵਰਗੇ ਖੇਤਰਾਂ ਵਿੱਚ ਵਰਤਮਾਨ ਵਿੱਚ ਬੱਚਿਆਂ ਅਤੇ ਬਾਲਗਾਂ ਦੀ ਮਦਦ ਹੁੰਦੀ ਹੈ। ਅਸੀਂ ਤੁਹਾਡੇ ਭਰੋਸੇ 'ਤੇ ਖਰੇ ਉਤਰਣ ਲਈ ਸਖਤ ਮਿਹਨਤ ਕਰਾਂਗੇ।

## 13. GenV ਸਾਡੀ ਜਾਣਕਾਰੀ ਦਾ ਧਿਆਨ ਕਿਵੇਂ ਰੱਖੇਗੀ?

ਸਾਡੇ ਡਾਟਾ ਸਿਸਟਮ ਰਿਪੋਸਿਟਰੀ ਹਨ ਜੋ GenV ਲਈ ਖਾਸ ਤੌਰ 'ਤੇ ਤਿਆਰ ਕੀਤੇ ਗਏ ਹਨ। ਉਨ੍ਹਾਂ ਲੋਕਾਂ ਲਈ GenV ਦੇ ਸਿਸਟਮਾਂ ਤਕ ਪਹੁੰਚ ਪ੍ਰਾਪਤ ਕਰਨੀ ਬੜੀ ਔਖੀ ਹੈ ਜਿਨ੍ਹਾਂ ਕੋਲ ਇਸਦਾ ਅਧਿਕਾਰ ਨਹੀਂ ਹੁੰਦਾ ਹੈ। ਅਜਿਹਾ ਕਰਨਾ ਗੈਰ-ਕਾਨੂੰਨੀ ਵੀ ਹੈ। ਅਸੀਂ ਸਾਰੀ ਜਾਣਕਾਰੀ ਸੁਰੱਖਿਅਤ ਪਰਿਵੇਸ਼ਾਂ ਵਿੱਚ ਸਾਂਭ ਕੇ ਰੱਖਦੇ ਹਾਂ ਅਤੇ ਨਿਯਮਿਤ ਤੌਰ 'ਤੇ ਸੁਰੱਖਿਆ ਲਈ ਜਾਂਚ ਕਰਦੇ ਹਾਂ। ਅਸੀਂ ਪਛਾਣ ਕਰਨ ਯੋਗ ਵੇਰਵੇ (ਜਿਵੇਂ ਨਾਮ) ਨੂੰ ਡੇਟਾ ਖੋਜਕਰਤਾਵਾਂ ਦੀ ਵਰਤੋਂ ਤੋਂ ਹਟਾਂ ਕੇ ਵੀ ਗੋਪਨੀਯਤਾ ਦੀ ਸੁਰੱਖਿਆ ਕਰਦੇ ਹਾਂ

ਅਸੀਂ GenV ਨੂੰ ਚਲਾਉਣ ਲਈ ਤੁਹਾਡੀ ਨਿੱਜੀ ਜਾਣਕਾਰੀ (ਜਿਵੇਂ ਕਿ ਤੁਹਾਡਾ ਨਾਮ, ਸੰਪਰਕ ਵੇਰਵੇ ਅਤੇ ਪਛਾਣਕਰਤਾ ਨੰਬਰ) ਦੀ ਵਰਤੋਂ ਕਰਦੇ ਹਾਂ। ਇਸ ਤਰੀਕੇ ਨਾਲ ਅਸੀਂ ਤੁਹਾਡੇ ਸੰਪਰਕ ਵਿੱਚ ਰਹਿੰਦੇ ਹਾਂ। ਨਾਲ ਹੀ, ਜਦੋਂ ਅਸੀਂ ਹੋਰ ਡੇਟਾਸੇਟਾਂ ਤਕ ਪਹੁੰਚ ਕਰਦੇ ਹਾਂ (ਸੈਕਸ਼ਨ 6), ਤਾਂ ਇਸ ਜਾਣਕਾਰੀ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ ਕਿ ਅਸੀਂ ਸਹੀ ਵਿਅਕਤੀ ਨਾਲ ਮੇਲ ਕਰ ਰਹੇ ਹਾਂ। ਸਾਡੇ ਗੋਪਨੀਯਤਾ ਕਲੇਕਸ਼ਨ ਨੋਟਿਸ ਅਤੇ MCRI ਦੀ ਗੋਪਨੀਯਤਾ ਨੀਤੀ ਵੇਖਣ ਲਈ www.genv.org.au/privacy 'ਤੇ ਜਾਓ। ਤੁਹਾਡੇ ਕੋਲ ਇਹ ਹੱਕ ਹੈ ਕਿ ਤੁਸੀਂ ਸਾਡੇ ਕੋਲ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਗੋਪਨੀਯਤਾ ਕਾਨੂੰਨਾਂ ਅਧੀਂ ਰੱਖੀ ਨਿੱਜੀ ਜਾਣਕਾਰੀ ਤਕ ਪਹੁੰਚ ਪ੍ਰਾਪਤ ਕਰੋ ਅਤੇ ਇਸਦੀ ਸੋਧ ਕਰੋ। ਤੁਸੀਂ GenV ਨਾਲ ਸੰਪਰਕ ਕਰਕੇ ਅਜਿਹਾ ਕਰ ਸਕਦੇ ਹੋ।

ਜਦੋਂ ਤਕ ਕਿ ਤੁਸੀਂ ਇਸਨੂੰ ਹਟਾਉਣ ਲਈ ਸਾਨੂੰ ਨਹੀਂ ਕਹਿੰਦੇ ਹੋ, ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਡਾਟਾ ਨੂੰ ਹਮੇਸ਼ਾ ਲਈ ਆਪਣੇ ਕੋਲ ਸਾਂਭ ਕੇ ਰੱਖਾਂਗੇ। ਇਸਦਾ ਇਹ ਮਤਲਬ ਹੈ ਕਿ GenV ਕਈ ਸਾਲਾਂ ਤਕ ਨਵੀਂਆਂ ਖੋਜਾਂ ਦਾ ਸਮਰਥਨ ਕਰ ਸਕਦਾ ਹੈ।

Murdoch Children's Research Institute (MCRI) ਉੱਤੇ ਆਸਟ੍ਰੇਲੀਆਈ ਅਤੇ ਵਿਕਟੋਰੀਆਈ ਗੋਪਨੀਯਤਾ ਕਾਨੂੰਨ ਲਾਗੂ ਹੁੰਦੇ ਹਨ। ਇਹ ਆਪਣੀ ਡੇਟਾ ਸਿਕਯੋਰਿਟੀ, ਆਈ.ਟੀ. ਸਿਸਟਮ, ਪ੍ਰਕ੍ਰਿਆਵਾਂ ਅਤੇ ਨੀਤੀਆਂ ਨਿਯਮਿਤ ਤੌਰ 'ਤੇ ਅਪਡੇਟ ਕਰਦੀ ਹੈ। ਖੋਜ ਦੇ ਉਦੇਸ਼ਾਂ ਲਈ, GenV ਦੇ ਖੋਜ ਡੇਟਾ ਨੂੰ ਦੂਜਿਆਂ ਅਧਿਕਾਰਤ ਏਜੰਸੀਆਂ ਦੇ ਸਿਸਟਮਾਂ ਵਿੱਚ ਵੀ ਰੱਖਿਆ ਜਾ ਸਕਦਾ ਹੈ। ਹੋ ਸਕਦਾ ਹੈ ਕਿ ਇਨ੍ਹਾਂ ਵਿੱਚ ਸਮਾਨ ਪੱਧਰ ਦੀ ਸਿਕਯੋਰਿਟੀ ਅਤੇ ਗੋਪਨੀਯਤਾ ਹੋਵੇ।

GenV *ਦੀ ਡੇਟਾ ਸਿਕਯੋਰਿਟੀ ਬਾਰੇ ਹੋਰ ਜਾਣਕਾਰੀ ਇੱਥੇ ਪੜ੍ਹੋ ਅਤੇ ਤੁਹਾਡੀ ਨਿੱਜੀ ਜਾਣਕਾਰੀ ਦਾ ਪ੍ਰਬੰਧ ਕਰਨ ਬਾਰੇ ਹੋਰ ਜਾਣਕਾਰੀ ਇੱਥੇ ਪੜ੍ਹੋ।*

GenV ਲੋਕੇਸ਼ਨ, ਤਸਵੀਰਾਂ ਜਾਂ ਜੈਨੇਟਿਕ ਡਾਟਾ ਵਰਗੀ ਕੁੱਝ ਅਜਿਹੀ ਜਾਣਕਾਰੀ ਲਈ ਅਤਿਰਿਕਤ ਸਾਵਧਾਨੀ ਵਰਤਦੀ ਹੈ ਜਿਨ੍ਹਾਂ ਨਾਲ ਸ਼ਾਇਡ ਇਹ ਸੰਕੇਤ ਮਿਲ ਸਕੇ ਕਿ GenV ਦਾ ਭਾਗ ਕੌਣ ਹੈ। GenV ਦੀਆਂ ਸਾਵਧਾਨੀਆਂ ਬਾਰੇ ਵਧੇਰੀ ਜਾਣਕਾਰੀ ਇੱਥੇ ਪੜ੍ਹੋ।

## 14. ਖੋਜਕਰਤਾ ਸਾਡੇ ਡਾਟਾ ਦੀ ਵਰਤੋਂ ਕਿਵੇਂ ਕਰਦੇ ਹਨ?

GenV ਦੇ ਡਾਟਾ ਦੀ ਵਰਤੋਂ ਸਿਰਫ ਨੈਤਿਕ ਤੌਰ 'ਤੇ ਮਨਜ਼ੂਰੀ ਪ੍ਰਾਪਤ ਖੋਜ ਲਈ ਕੀਤੀ ਜਾ ਸਕਦੀ ਹੈ ਤਾਂ ਜੋ ਬੱਚਿਆਂ ਅਤੇ ਬਾਲਗਾਂ ਲਈ ਸਿਹਤ, ਵਿਕਾਸ ਜਾਂ ਭਲਾਈ ਵਿੱਚ ਸੁਧਾਰ ਕੀਤਾ ਜਾ ਸਕੇ। ਸਮੇਂ ਦੇ ਨਾਲ-ਨਾਲ, ਖੋਜਕਰਤਾ ਨਵੇਂ ਅਤੇ ਮਹਤਵਪੂਰਣ ਸਵਾਲਾਂ ਦਾ ਜਵਾਬ ਦੇਣ ਲਈ ਕਈ ਵੱਖ-ਵੱਖ ਤਰੀਕਿਆਂ ਦੀ ਵਰਤੋਂ ਕਰਣਗੇ। ਇਸਲਈ, ਤੁਹਾਡੀ ਜਾਣਕਾਰੀ ਦੀ ਮਾਨਤਾ ਕਈ ਸਾਲਾਂ ਤਕ ਵੱਧਦੀ ਰਹੇਗੀ। GenV ਦੇ ਸਾਰੇ ਡਾਟਾ ਦੀ ਵਰਤੋਂ ਗੋਪਨੀਯ ਤਰੀਕੇ ਨਾਲ ਕੀਤੀ ਜਾਂਦੀ ਹੈ। ਸੁਰੱਖਿਆ ਅਤੇ ਇਸ ਗੱਲ ਨੂੰ ਲੈ ਕੇ ਕਿ GenV ਦੇ ਡਾਟਾ ਦੀ ਵਰਤੋਂ ਕੌਣ ਕਰ ਸਕਦਾ ਹੈ, ਇਸਦੇ ਸਖਤ ਨਿਯਮ ਹਨ।

ਵਰਤੋਂ ਲਈ ਮਨਜ਼ੂਰੀ ਹੇਠਾਂ ਦਿੱਤੀਆਂ ਚੀਜ਼ਾਂ ਉੱਤੇ ਅਧਾਰਤ ਹੈ:
- ਖੋਜ ਦਾ ਉਦੇਸ਼ ਸਿਹਤ, ਵਿਕਾਸ ਜਾਂ ਭਲਾਈ ਵਿੱਚ ਸੁਧਾਰ ਕਰਨਾ ਹੈ
- ਡਾਟਾ ਦੇ ਪ੍ਰਸਤਾਵਿਤ ਉਦੇਸ਼ ਨੂੰ ਨੈਤਿਕ ਮਨਜ਼ੂਰੀ ਪ੍ਰਾਪਤ ਹੈ
- GenV ਬਿਨੈਕਾਰ ਅਤੇ ਸੰਸਥਾ ਜਾਂ ਸੰਗਠਨ ਦੀ ਸੁਰੱਖਿਅਤ ਅਤੇ ਕਾਬਲੀਅਤ ਦਾ ਮੁਲਾਂਕਣ ਕਰਦੀ ਹੈ
- ਵੇਰਵਿਆਂ ਦੀ ਪਛਾਣ ਕੀਤੇ ਬਿਨਾਂ ਸੈਮਪਲਾਂ ਜਾਂ ਡਾਟਾ ਦੀ ਵਰਤੋਂ ਕੀਤੀ ਜਾਂਦੀ ਹੈ - ਇਸਲਈ ਡਾਟਾ ਦੇ ਉਪਭੋਗਤਾਵਾਂ ਨੂੰ ਇਹ ਨਹੀਂ ਪਤਾ ਹੁੰਦਾ ਹੈ ਕਿ ਇਨ੍ਹਾਂ ਦਾ ਸਬੰਧ ਤੁਹਾਡੇ ਨਾਲ ਹੈ।
- ਉਪਯੋਗਕਰਤਾ ਵਰਤੋਂ ਦੀਆਂ ਸ਼ਰਤਾਂ ਲਈ ਸਹਿਮਤੀ ਦਿੰਦੇ ਹਨ। ਮਨਜ਼ੂਰੀ ਬਾਰੇ ਹੋਰ ਜਾਣਕਾਰੀ ਇੱਥੇ ਪੜ੍ਹੋ।

GenV ਦੀ ਟੀਮ ਤੁਹਾਡੇ ਡਾਟਾ ਦੀ ਵਰਤੋਂ ਦੀ ਪ੍ਰਗਤੀ ਅਤੇ ਕੁਆਲਿਟੀ ਦੀ ਜਾਂਚ ਕਰਨ ਅਤੇ ਡੇਟਾ ਸੈੱਟਾਂ ਦਾ ਪਰੀਖਣ ਕਰਨ ਲਈ ਵੀ ਕਰਦੀ ਹੈ। ਕੁੱਝ ਡਾਟਾ ਅਤੇ ਸੈਮਪਲਾਂ ਦਾ ਵਿਸ਼ਲੇਸ਼ਣ ਸਿਰਫ ਆਸਟ੍ਰੇਲੀਆ ਅਤੇ ਦੁਨੀਆ ਭਰ ਵਿੱਚ ਖਾਸ ਪ੍ਰਯੋਗਸ਼ਾਲਾਵਾਂ ਵਿੱਚ ਹੀ ਕੀਤਾ ਜਾ ਸਕਦਾ ਹੈ। ਖੋਜ ਵਿੱਚ ਅਜਿਹਾ ਕਰਨਾ ਆਮ ਹੈ ਅਤੇ ਇਸਨਾਲ ਮਹਤਵਪੂਰਣ ਖੋਜਾਂ ਹੋਈਆਂ ਹਨ। ਕਦੇ-ਕਦਾਈ ਇਨ੍ਹਾਂ ਦੀ ਵਰਤੋਂ ਆਸਟ੍ਰੇਲੀਆ ਤੋਂ ਬਾਹਰ ਦੇਸ਼ਾਂ ਵਿੱਚ ਕਾਨੂੰਨ ਦੁਆਰਾ ਸੁਰੱਖਿਅਤ ਹੁੰਦੀ ਹੈ। ਅਜਿਹਾ ਸਖਤ ਦਿਸ਼ਾ-ਨਿਰਦੇਸ਼ਾਂ ਅਤੇ ਮਨਜ਼ੂਰੀ ਲਈ ਉੱਤੇ ਦਿੱਤੇ ਸਮਾਨ ਨਿਯਮਾਂ ਅਧੀਨ ਹੁੰਦਾ ਹੈ।

ਜਦੋਂ ਖੋਜਕਰਤਾ ਡਾਟਾ ਨਾਲ ਕੰਮ ਕਰਦੇ ਹਨ, ਤਾਂ ਉਹ ਅਕਸਰ ਪ੍ਰਯੋਗਸ਼ਾਲਾਵਾਂ ਦੀਆਂ ਜਾਂਚਾਂ ਤੋਂ, ਜਾਂ ਨਵੇਂ ਤਰੀਕਿਆਂ ਨਾਲ ਡਾਟਾ ਦਾ ਮੇਲਜੋਲ ਕਰਕੇ ਨਵੇਂ ਡਾਟਾ ਦਾ ਨਿਰਮਾਣ ਕਰਦੇ ਹਨ। ਇਸਨੂੰ GenV ਵਿੱਚ ਦੁਬਾਰਾ ਸ਼ਾਮਲ ਕੀਤਾ ਜਾਂਦਾ ਹੈ। ਇਸਨਾਲ ਸਿਹਤ ਵਿੱਚ ਸੁਧਾਰ ਕਰਨ ਲਈ ਹੋਰ ਮੌਕੇ ਤਿਆਰ ਹੁੰਦੇ ਹਨ।

ਵਪਾਰਕ ਕੰਪਨੀਆਂ ਸਿਹਤ, ਵਿਕਾਸ ਜਾਂ ਕਲਿਆਨ ਵਿੱਚ ਸੁਧਾਰ ਕਰਨ ਲਈ ਖੋਜ ਲਈ GenV ਦੇ ਡੇਟਾ ਦੀ ਵਰਤੋਂ ਕਰਨ ਲਈ ਬਿਨਤੀ ਕਰ ਸਕਦੀਆਂ ਹਨ। ਉਨ੍ਹਾਂ ਲਈ ਲਾਜ਼ਮੀ ਹੈ ਕਿ ਉਹ ਮਨਜ਼ੂਰੀ ਦੇ ਸਮਾਨ ਨਿਯਮਾਂ ਨੂੰ ਪੂਰਾ ਕਰਨ।

ਹੋ ਸਕਦਾ ਹੈ ਕਿ GenV ਵਿੱਚ ਭਾਗ ਲੈਣ ਵਾਲੇ ਕੁੱਝ ਲੋਕ ਨਵੇਂ ਤਰੀਕਿਆਂ ਦੀ ਜਾਂਚ ਕਰਨ ਵਾਲੇ ਖੋਜ ਟ੍ਰਾਇਲ (ਅਜ਼ਮਾਇਸ਼ਾਂ) ਨਾਲ ਜੁੱੜ੍ਹਣ। ਸਾਰੇ ਟ੍ਰਾਇਲਾਂ ਨੂੰ ਨੈਤਿਕ ਮਨਜ਼ੂਰੀ ਦੀ ਲੋੜ ਹੁੰਦੀ ਹੈ। ਨਵੇਂ ਤਰੀਕੇ ਦੀ ਪੇਸ਼ਕਸ਼ ਕਿਸਨੂੰ ਕੀਤੀ ਜਾਂਦੀ ਹੈ, ਇਸਦੀ ਚੋਣ ਆਮ ਤੌਰ 'ਤੇ ਬੇਤਰਤੀਬ ਢੰਗ ਨਾਲ ਕੀਤੀ ਜਾਂਦੀ ਹੈ, ਜਿਵੇਂ ਕਿ ਸਿੱਕਾ ਉੱਛਾਲ ਕੇ ਟਾਸ ਕਰਨੀ। ਕੁੱਝ ਟ੍ਰਾਇਲਾਂ ਵਿੱਚ, ਸਿਰਫ ਉਨ੍ਹਾਂ ਲੋਕਾਂ ਨੂੰ ਭਾਗ ਲੈਣ ਲਈ ਸੰਪਰਕ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਨਵੇਂ ਤਰੀਕੇ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। GenV ਦੇ ਡਾਟਾ ਦੀ ਵਰਤੋਂ ਉਨ੍ਹਾਂ ਲੋਕਾਂ ਦੇ ਨਤੀਜਿਆਂ ਦੀ ਤੁਲਨਾ ਕਰਨ ਲਈ ਕੀਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਨਵੇਂ ਤਰੀਕੇ ਸ਼ਾਇਦ ਮਿਲਣ ਜਾਂ ਨਾ ਮਿਲਣ। GenV ਵਿੱਚ ਭਾਗ ਲੈਣ ਵਾਲੇ ਲੋਕ ਵੀ ਸਿਰ 'ਤੇ ਲਗੀਆਂ ਸੱਟਾਂ ਜਾਂ ਸੁਣਣ ਦੀ ਸ਼ਕਤੀ ਦੇ ਗੁਆਚ ਜਾਣ ਵਰਗੇ ਖਾਸ ਮਾਮਲਿਆਂ ਬਾਰੇ ਅਧਿਐਨ ਜਾਂ ਰਜਿਸਟ੍ਰੀਆਂ ਵਿੱਚ ਨਾਲ ਵੀ ਜੁੜ੍ਹ ਸਕਦੇ ਹਨ। ਟ੍ਰਾਇਲ ਜਾਂ ਅਧਿਐਨ ਨੈਤਿਕ ਮਨਜ਼ੂਰੀ ਨਾਲ GenV ਨਾਲ ਡਾਟਾ ਸਾਂਝਾ ਕਰਨ ਲਈ ਤੁਹਾਡੀ ਸਹਿਮਤੀ ਦੀ ਮੰਗ ਕਰ ਸਕਦੇ ਹਨ। ਅਸੀਂ ਇਸਦਾ ਸਮਰਥਨ ਕਰਦੇ ਹਾਂ।

## 15. ਕੋਈ ਹੋਰ ਸਵਾਲ? ਕੋਈ ਚਿੰਤਾਂਵਾਂ?

GenV ਵੈੱਬਸਾਈਟ ਵਿੱਚ ਕਈ ਸਵਾਲਾਂ ਦੇ ਜਵਾਬ ਹਨ। ਇਸ ਵਿੱਚ ਜਾਣਕਾਰੀ ਦਾ ਬਿਆਨ ਵੀ ਹੈ।

GenV ਦੇ ਕਿਸੇ ਸਦੱਸ ਨਾਲ ਸੰਪਰਕ ਕਰਨ ਲਈ, ਕ੍ਰਿਪਾ ਕਰਕੇ 1800 436 888 ਤੇ ਫੋਨ ਕਰੋ, genv@mcri.edu.au ਤੇ ਈਮੇਲ ਕਰੋ ਜਾਂ ਵੈੱਬਸਾਈਟ ਰਾਹੀਂ ਸਾਡੇ ਨਾਲ ਸੰਪਰਕ ਕਰੋ। ਤੁਸੀਂ ਕਿਸੇ ਚਿੰਤਾਵਾਂ ਜਾਂ ਸ਼ਿਕਾਇਤਾਂ ਬਾਰੇ, ਇਸ ਬਾਰੇ ਕਿ ਇਸਦਾ ਆਯੋਜਨ ਕਿਵੇਂ ਕੀਤਾ ਜਾਂਦਾ ਹੈ, ਜਾਂ ਇੱਕ ਭਾਗੀਦਾਰ ਦੇ ਤੌਰ 'ਤੇ ਆਪਣੇ ਜਾਂ ਆਪਣੇ ਬੱਚੇ ਦੇ ਹੱਕਾਂ ਬਾਰੇ ਪ੍ਰਾਜੈਕਟ ਤੋਂ ਸੁਤੰਤਰ ਕਿਸੇ ਵਿਅਕਤੀ ਨਾਲ ਵੀ ਗੱਲਬਾਤ ਕਰ ਸਕਦੇ ਹੋ। ਕ੍ਰਿਪਾ ਕਰਕੇ ਮੈਲਬਰਨ ਦੇ Royal Children ਹਸਪਤਾਲ ਦੇ Research Development & Ethics ਦੇ ਡਾਇਰੇਕਟਰ ਨਾਲ (03) 9345 6924 ਜਾਂ rch.ethics@rch.org.au ਤੇ ਸੰਪਰਕ ਕਰੋ।

**GenV ਵਿੱਚ ਭਾਗ ਲੈਣ ਬਾਰੇ ਵਿਚਾਰ ਕਰਨ ਲਈ ਤੁਹਾਡਾ ਧੰਨਵਾਦ।**
**ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ GenV ਨਾਲ ਇਸ ਸਫਰ ਵਿੱਚ ਸ਼ਾਮਲ ਹੋਵੇਗੇ।**